# CPR ਨਾ ਦੇਣ ਸੰਬੰਧੀ ਫਾਰਮ

ਕੁਝ ਸਥਿਤੀਆਂ ਵਿੱਚ, ਕੁਝ ਲੋਕ ਜੋ ਆਪਣੀਆਂ ਜ਼ਿੰਦਗੀਆਂ ਦੀ ਸੁਭਾਵਿਕ ਸਮਾਪਤੀ ਵੱਲ ਵੱਧ ਰਹੇ ਹੁੰਦੇ ਹਨ ਜਾਂ ਜ਼ਿੰਦਗੀ ਨੂੰ ਸੀਮਿਤ ਕਰਨ ਵਾਲੀ ਜਾਂ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਬਿਮਾਰੀ ਤੋਂ ਪੀੜਤ ਹੁੰਦੇ ਹਨ, ਉਹ ਆਪਣੀ ਇਹ ਇੱਛਾ ਦਰਜ ਕਰਵਾਉਣਾ ਚਾਹ ਸਕਦੇ ਹਨ ਕਿ ਜੇ ਉਹਨਾਂ ਦਾ ਦਿਲ ਜਾਂ ਫੇਫੜੇ ਅਚਾਨਕ ਕੰਮ ਕਰਨਾ ਬੰਦ ਕਰ ਦੇਣ ਤਾਂ ਸਭ ਤੋਂ ਪਹਿਲਾਂ ਪ੍ਰਤਿਕਿਰਿਆ ਕਰਨ ਵਾਲਿਆਂ ਜਾਂ ਹੋਰ ਸਿਹਤ-ਸੰਭਾਲ ਪ੍ਰਦਾਤਾਵਾਂ ਵੱਲੋਂ ਮੁਹੱਈਆ ਕੀਤੀ ਜਾਂਦੀ ਕਾਰਡੀਓਪਲਮਨਰੀ ਰਿਸਸੀਟੇਸ਼ਨ (ਦਿਲ ਦਾ ਦੌਰਾ ਪੈਣ ਦੀ ਸੂਰਤ ਵਿੱਚ ਛਾਤੀ ਨੂੰ ਘੁੱਟ ਕੇ ਅਤੇ ਮੂੰਹ ਰਾਹੀਂ ਸਾਹ ਦੇ ਕੇ ਮਰੀਜ਼ ਦੀ ਖ਼ੂਨ ਦੀ ਸਪਲਾਈ ਨੂੰ ਮੁੜ ਬਹਾਲ ਕਰਨ ਦੀ ਪ੍ਰਕਿਰਿਆ) (CPR) ਜਾਂ ਹੋਰ ਐਮਰਜੈਂਸੀ ਡਾਕਟਰੀ ਪ੍ਰਕਿਰਿਆਵਾਂ ਨਾ ਕੀਤੀਆਂ ਜਾਣ।

ਬੀ.ਸੀ. ਵਿੱਚ ਕਾਰਡੀਓਪਲਮਨਰੀ ਰਿਸਸੀਟੇਸ਼ਨ ਨਾ ਕਰਵਾਉਣ (CPR ਨਹੀਂ) ਦਾ ਫਾਰਮ ਤੁਹਾਨੂੰ ਅਤੇ ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਇਹ ਹੁਕਮ ਦੇਣ ਲਈ ਕਾਨੂੰਨੀ ਵਿਕਲਪ ਮੁਹੱਈਆ ਕਰਦਾ ਹੈ ਕਿ ਸਿਹਤ-ਸੰਭਾਲ ਪ੍ਰਦਾਤਾਵਾਂ ਅਤੇ ਸਭ ਤੋਂ ਪਹਿਲਾਂ ਪ੍ਰਤਿਕਿਰਿਆ ਕਰਨ ਵਾਲਿਆਂ ਵੱਲੋਂ ਕੋਈ CPR ਮੁਹੱਈਆ ਨਾ ਕਰਵਾਈ ਜਾਵੇ। ਫਾਰਮ ਪ੍ਰਮਾਣਕ ਬਣਾਉਣ ਲਈ, ਇਸ ਉੱਤੇ ਲਾਜ਼ਮੀ ਤੌਰ 'ਤੇ ਸਹਿਮਤੀ ਦੇਣ ਵਾਲੇ ਬਾਲਗ, ਭਾਵੇਂ ਤੁਸੀਂ ਜਾਂ ਫੈਸਲਾ ਲੈਣ ਲਈ ਤੁਹਾਡਾ ਬਦਲਵਾਂ ਵਿਅਕਤੀ, ਅਤੇ ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਦੇ ਦਸਤਖ਼ਤ ਹੋਣੇ ਚਾਹੀਦੇ ਹਨ। ਜੇ ਤੁਸੀਂ CPR ਨਾ ਕਰਵਾਉਣ ਦਾ ਆਰਡਰ ਦਿੱਤਾ ਹੈ ਜੋ ਦਿਖਾਈ ਦੇਣ ਯੋਗ ਅਤੇ ਦਸਤਖਤ ਕੀਤਾ ਹੋਇਆ ਹੈ, ਤਾਂ ਤੁਹਾਨੂੰ ਸਭ ਤੋਂ ਪਹਿਲਾਂ ਪ੍ਰਤਿਕਿਰਿਆ ਕਰਨ ਵਾਲਿਆਂ ਜਾਂ ਹੋਰਨਾਂ ਸਿਹਤ-ਸੰਭਾਲ ਪ੍ਰਦਾਤਾਵਾਂ ਵੱਲੋਂ CPR ਨਹੀਂ ਦਿੱਤੀ ਜਾਵੇਗੀ। ਕੁਝ ਥਾਂਵਾਂ ਵਿੱਚ, ਲੋਕ ਅਕਸਰ ਆਰਡਰ ਨੂੰ ਆਪਣੇ ਫ੍ਰਿਜ ਉੱਤੇ ਲਗਾ ਦਿੰਦੇ ਹਨ ਤਾਂ ਜੋ ਇਹ ਅਸਾਨੀ ਨਾਲ ਦਿਖਾਈ ਦੇ ਸਕੇ।

CPR ਨਾ ਕਰਵਾਉਣ ਸੰਬੰਧੀ ਫਾਰਮ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਪ੍ਰੈਕਟੀਸ਼ਨਰ, ਜਾਂ ਹੋਰ ਸਿਹਤ-ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## CPR ਨਾ ਕਰਵਾਉਣ ਸੰਬੰਧੀ ਆਰਡਰ ਤਿਆਰ ਕਰਨਾ

ਜੇ ਤੁਸੀਂ ਡਾਕਟਰੀ ਐਮਰਜੈਂਸੀ ਵਿੱਚ CPR ਤੋਂ ਮਨ੍ਹਾਂ ਕਰਵਾਉਣ ਲਈ ਸੂਚਿਤ ਸਹਿਮਤੀ ਦਰਜ ਕਰਵਾਉਣੀ ਚਾਹੁੰਦੇ ਹੋ, ਤਾਂ ਇਹ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਤੁਸੀਂ ਆਪਣੇ ਨਜ਼ਦੀਕੀ ਪਰਿਵਾਰ ਜਾਂ ਦੋਸਤਾਂ ਅਤੇ ਫੇਰ ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਇਹ ਦੇਖਣ ਲਈ ਆਪਣੇ ਫੈਸਲੇ ਬਾਰੇ ਵਿਚਾਰ-ਵਟਾਂਦਰਾ ਕਰੋ ਕਿ CPR ਨਾ ਕਰਵਾਉਣ ਦਾ ਆਰਡਰ ਲਿਖਣਾ ਇੱਕ ਸਿਫ਼ਾਰਿਸ਼ ਕੀਤਾ ਵਿਕਲਪ ਹੈ। ਇਹ ਫੈਸਲਾ ਕਰਨਾ ਮੁਸ਼ਕਿਲ ਹੋ ਸਕਦਾ ਹੈ, ਅਤੇ ਇਹ ਤੁਹਾਡੀ ਜ਼ਿੰਦਗੀ ਦੇ ਬਹੁਤ ਸਾਰੇ ਵਿਲੱਖਣ ਤੱਥਾਂ ਅਤੇ ਸੋਚ-ਵਿਚਾਰਾਂ ਉੱਤੇ ਨਿਰਭਰ ਕਰ ਸਕਦਾ ਹੈ।

ਜਦੋਂ ਤੁਸੀਂ CPR ਨਾ ਕਰਵਾਉਣ ਦਾ ਆਰਡਰ ਤਿਆਰ ਕਰਨ ਦਾ ਫੈਸਲਾ ਕਰ ਲੈਂਦੇ ਹੋ, ਤਾਂ ਤੁਹਾਨੂੰ ਕਾਰਡੀਓਪਲਮਨਰੀ ਰਿਸਸੀਟੇਸ਼ਨ ਨਾ ਕਰਵਾਉਣ (CPR ਨਹੀਂ) ਦਾ ਫਾਰਮ ਭਰਨ ਦੀ ਲੋੜ ਹੋਵੇਗੀ। ਤੁਸੀਂ CPR ਨਾ ਕਰਵਾਉਣ ਦੇ ਫਾਰਮ ਦੀ ਇੱਕ ਨਕਲ ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਦੇ ਦਫ਼ਤਰ ਤੋਂ ਵੀ ਪ੍ਰਾਪਤ ਕਰ ਸਕਦੇ ਹੋ। ਫਾਰਮ ਦੇ ਮਰੀਜ਼ ਵਾਲਾ ਹਿੱਸਾ ਭਰੋ ਅਤੇ ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਤੋਂ "ਡਾਕਟਰ/ਨਰਸ ਪ੍ਰੈਕਟੀਸ਼ਨਰ" ਵਾਲਾ ਭਾਗ ਪੂਰਾ ਕਰਵਾਓ।

ਪੂਰਾ ਕਰਨ ਤੋਂ ਬਾਅਦ CPR ਨਾ ਕਰਵਾਉਣ ਦੇ ਆਰਡਰ ਦੀ ਇੱਕ ਨਕਲ ਤੁਹਾਡੇ ਅਤੇ/ਜਾਂ ਤੁਹਾਨੂੰ ਦੇਖਭਾਲ ਮੁਹੱਈਆ ਕਰਨ ਵਾਲੇ ਤੁਹਾਡੇ ਨਜ਼ਦੀਕੀ ਰਿਸ਼ਤੇਦਾਰ ਕੋਲ, ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਕੋਲ, ਅਤੇ ਜੇ ਲਾਗੂ ਹੁੰਦਾ ਹੈ ਤਾਂ ਤੁਹਾਡੀਆਂ ਕਮਿਊਨਿਟੀ ਹੋਮ ਕੇਅਰ ਨਰਸਿੰਗ ਸੇਵਾਵਾਂ ਜਾਂ ਰਿਹਾਇਸ਼ੀ ਦੇਖਭਾਲ ਵਾਲੀ ਥਾਂ 'ਤੇ ਹੋਣੀ ਚਾਹੀਦੀ ਹੈ। ਕਿਰਪਾ ਕਰਕੇ CPR ਨਾ ਕਰਵਾਉਣ ਦੇ ਆਰਡਰ ਦੇ ਮੂਹਰਲੇ ਅਤੇ ਪਿਛਲੇ ਹਿੱਸੇ ਵਿੱਚ ਮੁਹੱਈਆ ਕੀਤੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ।

ਬੀਸੀ ਐਂਬੂਲੈਂਸ ਸੇਵਾ ਸਿਫ਼ਾਰਿਸ਼ ਕਰਦੀ ਹੈ ਕਿ ਤੁਸੀਂ CPR ਨਾ ਕਰਵਾਉਣ ਸੰਬੰਧੀ MedicAlert® ਬ੍ਰੇਸਲੈਟ ਜਾਂ ਨੈਕਲੇਟ ਪਹਿਨੋ ਤਾਂ ਜੋ ਐਂਬੂਲੈਂਸ ਦੇ ਅਮਲਾ ਮੈਂਬਰਾਂ ਜਾਂ ਦੂਜੇ ਸਭ ਤੋਂ ਪਹਿਲਾਂ ਪ੍ਰਤਿਕਿਰਿਆ ਕਰਨ ਵਾਲੇ ਤੁਰੰਤ ਇਹ ਦੱਸ ਸਕਣ ਕਿ CPR ਨਾ ਕਰਵਾਉਣ ਦਾ ਆਰਡਰ ਲਾਗੂ ਹੁੰਦਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਜਿਹੜੇ ਵਸਨੀਕਾਂ ਕੋਲ ਡਾਕਟਰ ਦੇ ਦਸਤਖ਼ਤ ਵਾਲਾ CPR ਨਾ ਕਰਵਾਉਣ ਦਾ ਆਰਡਰ ਹੁੰਦਾ ਹੈ ਉਹ MedicAlert® No CPR ਪ੍ਰੋਗਰਾਮ ਵਿੱਚ ਭਾਗ ਲੈਣ ਅਤੇ ਮੁਫ਼ਤ ਬ੍ਰੇਸਲੈਟ

ਅਤੇ ਨੈਕਲੇਟ ਪ੍ਰਾਪਤ ਕਰਨ ਲਈ ਯੋਗਤਾ ਪੂਰੀ ਕਰਦੇ ਹਨ। ਜ਼ਿਆਦਾ ਜਾਣਕਾਰੀ ਲੈਣ ਲਈ MedicAlert®Products and Services 'ਤੇ ਜਾਓ ਜਾਂ MedicAlert® ਨੂੰ 1-800-668-1507 'ਤੇ ਟੋਲ-ਫ੍ਰੀ ਕਾਲ ਕਰੋ।

ਪ੍ਰਿੰਟ ਕਰਨ ਯੋਗ PDF – ਕਾਰਡੀਓਪਲਮਨਰੀ ਰਿਸਸੀਟੇਸ਼ਨ (CPR) ਨਾ ਕਰਵਾਉਣ ਸੰਬੰਧੀ ਫਾਰਮ

## CPR ਨਾ ਕਰਵਾਉਣ ਦਾ ਫਾਰਮ ਰੱਦ ਕਰਨਾ

ਜੇ ਤੁਹਾਡੇ ਅਤੇ ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਵੱਲੋਂ ਦਸਤਖ਼ਤ ਕਰਨ ਤੋਂ ਬਾਅਦ ਤੁਸੀਂ CPR ਨਾ ਕਰਵਾਉਣ ਸੰਬੰਧੀ ਆਰਡਰ ਰੱਦ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਗੱਲ ਕਰਨੀ ਚਾਹੀਦੀ ਹੈ; ਦਸਤਖ਼ਤ ਕੀਤਾ CPR ਫਾਰਮ ਪਾੜ ਦੇਣਾ ਚਾਹੀਦਾ ਹੈ, ਆਪਣਾ MedicAlert® No CPR ਬ੍ਰੈਸਲੇਟ ਜਾਂ ਨੈਕਲੇਟ ਪਹਿਨਣਾ ਬੰਦ ਕਰ ਦੇਣਾ ਚਾਹੀਦਾ ਹੈ, ਅਤੇ ਛੇਤੀ ਤੋਂ ਛੇਤੀ MedicAlert® ਨੂੰ ਤਾਜ਼ਾ ਜਾਣਕਾਰੀ ਬਾਰੇ ਸੂਚਿਤ ਕਰਨਾ ਚਾਹੀਦਾ ਹੈ। ਜੇ CPR ਨਾ ਕਰਵਾਉਣ ਦੇ ਆਰਡਰ ਦੀਆਂ ਨਕਲਾਂ ਤੁਹਾਡੇ ਸਭ ਤੋਂ ਨੇੜਲੇ ਰਿਸ਼ਤੇਦਾਰ, ਤੁਹਾਡੀ ਕਮਿਊਨਿਟੀ ਹੋਮ ਕੇਅਰ ਨਰਸਿੰਗ ਸੇਵਾ, ਜਾਂ ਤੁਹਾਡੀ ਰਿਹਾਇਸ਼ੀ ਦੇਖਭਾਲ ਵਾਲੀ ਥਾਂ ਨਾਲ ਸਾਂਝੀਆਂ ਕੀਤੀਆਂ ਗਈਆਂ ਸਨ, ਤਾਂ ਉਹਨਾਂ ਨੂੰ ਛੇਤੀ ਤੋਂ ਛੇਤੀ CPR ਨਾ ਕਰਵਾਉਣ ਦੇ ਆਰਡਰ ਨੂੰ ਰੱਦ ਕਰਨ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

## ਜ਼ਿਆਦਾ ਜਾਣਕਾਰੀ ਲੈਣ ਲਈ

ਜਿਸ ਵਿੱਚ ਨਿਯੋਜਿਤ ਘਰੇਲੂ ਮੌਤਾਂ ਸਮੇਤ ਅਗਾਊਂ ਦੇਖਭਾਲ ਯੋਜਨਾ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਸਾਡਾ ਐਡਵਾਂਸ ਕੇਅਰ ਪਲਾਨਿੰਗ ਹੈਲਥ ਫੀਚਰ ਦੇਖੋ ਜਾਂ ਸਿਹਤ ਮੰਤਰਾਲਾ – ਸੰਭਾਵੀ/ਨਿਯੋਜਤ ਘਰੇਲੂ ਮੌਤਾਂ 'ਤੇ ਜਾਓ।

**ਪਿਛਲੀ ਵਾਰ ਸਮੀਖਿਆ ਕੀਤੀ:** ਅਗਸਤ 2017